**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),ਪੰਜਾਬ,
   ਚੰਡੀਗੜ੍ਹ ।
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ ਆਰਐਮਐਸਏ/26565-26584
ਮਿਤੀ ਚੰਡੀਗੜ੍ਹ 23 ਫਰਵਰੀ, 2010

**ਵਿਸ਼ਾ ਨਾਬਾਰਡ ਸਕੀਮ ਤਹਿਤ ਬਣਾਏ ਗਏ ਸਕੂਲਾਂ ਵਿੱਚ ਦਾਖਲਿਆਂ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਪਤਾ ਹੋਵੇਗਾ ਕਿ ਪੰਜਾਬ ਸਰਕਾਰ ਵੱਲੋਂ ਸੀਨੀਅਰ ਸੈਕੰਡਰੀ ਪੱਧਰ ਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ । ਇਸ ਮੰਤਵ ਲਈ ਨਾਬਾਰਡ ਪ੍ਰੋਜੈਕਟ ਤਹਿਤ 351 ਸਕੂਲਾਂ ਦੀ ਉਸਾਰੀ ਕੀਤੀ ਗਈ ਹੈ । ਇਨ੍ਹਾਂ ਸਕੂਲਾ ਵਿੱਚ ਸਾਇੰਸ, ਕਾਮਰਸ, ਵੋਕੇਸ਼ਨਲ ਅਤੇ ਆਰਟਸ ਦੀਆ ਚਾਰੋਂ ਸਟਰੀਮਜ ਦੀ ਪੜ੍ਹਾਈ ਵਿਦਿਆਰਥੀਆਂ ਨੂੰ ਕਰਵਾਈ ਜਾਵੇਗੀ । ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਲਈ ਅਧਿਆਪਕਾਂ ਦੀ ਭਰਤੀ ਦਾ ਕੰਮ ਬੜੀ ਤੇਜੀ ਨਾਲ ਚਲਾਇਆ ਜਾ ਰਿਹਾ ਹੈ । 31.3.2010 ਤੀਕ ਇਹ ਅਧਿਆਪਕ ਇਨ੍ਹਾਂ ਸਕੂਲਾਂ ਵਿੱਚ ਮੁਹੱਈਆ ਕਰਵਾ ਦਿੱਤੇ ਜਾਣਗੇ ।

3.0 ਪੰਜਾਬ ਲੋਕ ਨਿਰਮਾਨ ਵਿਭਾਗ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਸਕੂਲਾਂ ਦੀ ਉਸਾਰੀ (ਕੁੱਝ ਸਕੂਲਾਂ ਨੂੰ ਛੱਡ ਕੇ) ਮੁਕੰਮਲ ਹੋ ਚੁੱਕੀ ਹੈ । ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਇਸ ਇਨਫਰਾਸਟਰਕਚਰ ਨੂੰ ਹੁਣ ਚੰਗੀ ਤਰ੍ਹਾਂ ਵਰਤਣ ਦਾ ਸਮਾਂ ਆ ਗਿਆ ਹੈ ।

4.0 ਕਿਉਂ ਕਿ ਇਹ ਨਵੇ ਅਕਾਦਮਿਕ ਸੈਸ਼ਨ ਦਾ ਸਮਾਂ ਹੈ, ਇਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਆਪਣੇ ਆਪਣੇ ਜ਼ਿਲ੍ਹੇ ਵਿੱਚ ਨਾਬਾਰਡ ਸਕੀਮ ਅਧੀਨ ਉਸਾਰੇ ਗਏ ਸਕੂਲਾਂ ਦੀਆ ਇਮਾਰਤਾਂ ਦਾ ਨਿਰੀਖਣ ਕਰ ਲਿਆ ਜਾਵੇ ਅਤੇ ਜਿੱਥੇ ਕਿਤੇ ਕੋਈ ਕਮੀ ਪੇਸ਼ੀ ਹੋਵੇ ਬਾਰੇ ਤੁਰੰਤ ਇਸ ਦਫਤਰ ਨੂੰ ਦੱਸਿਆ ਜਾਵੇ । ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਸਕੂਲਾਂ ਵਿੱਚ ਸਾਲ 2010-11 ਤੋਂ ਗਿਆਰ੍ਹਵੀਂ ਅਤੇ ਬਾਰ੍ਹਵੀ ਕਲਾਸ ਦੀ ਪੜ੍ਹਾਈ ਸ਼ੁਰੂ ਹੋ ਜਾਵੇ । ਇਨ੍ਹਾਂ ਸਕੂਲਾਂ ਲਈ ਅਧਿਆਪਕਾਂ ਦੀ ਤੈਨਾਤੀ ਵੱਖਰੇ ਤੌਰ ਤੇ ਕੀਤੀ ਜਾ ਰਹੀਂ ਹੈ । ਸਬੰਧਤ ਵਿਦਿਆਰਥੀ, ਮਾਂ, ਪਿਓ, ਪੀ.ਟੀ.ਏ. ਅਤੇ ਸਕੂਲ ਮੈਂਬਰਾਂ ਦੇ ਰਾਹੀਂ ਇਹ ਮਾਮਲਾ ਟੇਕ ਅਪ ਕੀਤਾ ਜਾਵੇ ਤਾਂ ਜੋ ਸਰਕਾਰ ਵੱਲੋਂ ਮੁਹੱਈਆ ਕਰਵਾਏ ਇਨਫਰਾਸਟਰਕਚਰ ਦੀ ਠੀਕ ਵਰਤੋਂ ਹੋ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ
2. ਏ.ਐਸ.ਪੀ.ਡੀ. ਕੋਆਰਡੀਨੇਸ਼ਨ । ਮਹੀਨਾਵਾਰ ਮੀਟਿੰਗ ਵਿੱਚ ਇਸ ਨੂੰ ਬਤੌਰ ਅਜੰਡਾ ਆਈਟਮ ਦੇ ਤੌਰ ਤੇ ਰੱਖਿਆ ਜਾਵੇ ।